**ਨਿੱਜੀ ਧਿਆਨ ਦੇਣ ਯੋਗ**
**ਸਲਾਨਾ ਗੁਪਤ ਰਿਪੋਰਟਾਂ ਮੁਕੰਮਲ ਕਰਵਾਉਣ ਸਬੰਧੀ**
**ਡਿਸਪੈਚਰ ਪੱਤਰ ਅੱਜ ਹੀ ਜਾਰੀ ਕਰਨ ਜੀ।**
**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ ਐਸ.ਏ.ਐਸ. ਨਗਰ**
**(ਅਮਲਾ-1 ਸ਼ਾਖਾ)**

ਸੇਵਾ ਵਿਖੇ,

ਰਾਜ ਦੇ ਸਮੂਹ,
ਜਿਲ੍ਹਾ ਸਿਖਿਆ ਅਫਸਰ (ਐ:ਸਿ:)
ਮੀਮੋ ਨੰਬਰ:-24/38-2019-ਅਮਲਾ-1(1) 1637-39
ਮਿਤੀ ਐਸ.ਏ.ਐਸ. ਨਗਰ:- 16-4-19

web site

ਵਿਸ਼ਾ:- ਰਾਜ ਦੇ ਸਮੂਹ ਜਿਲ੍ਹਿਆਂ ਦੇ ਬਲਾਕ ਵਿਚ ਤੈਨਾਤ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਮੁਕੰਮਲ ਕਰਵਾਉਣ ਲਈ ਮਿਤੀ 27/04/2019 ਨੂੰ ਮੁੱਖ ਦਫਤਰ ਵਿਖੇ ਵਿਸ਼ੇਸ਼ ਕੈਂਪ ਲਗਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਇਸ ਦਫਤਰ ਦੇ ਧਿਆਨ ਵਿਚ ਆਇਆ ਹੈ ਕਿ ਰਾਜ ਦੇ ਜਿਲ੍ਹਿਆ ਵਿਚ ਤੈਨਾਤ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਅਧੂਰੀਆਂ ਪਈਆਂ ਹਨ।

3. ਇਸ ਸਬੰਧੀ ਦੱਸਿਆ ਜਾਂਦਾ ਹੈ ਇਹਨਾਂ ਅਧਿਕਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟ ਸਬੰਧੀ ਪ੍ਰੋਫਾਰਮਾ ਸਬੰਧਤ ਅਧਿਕਾਰੀ ਵਲੋਂ ਖੁਦ ਆਪਣੇ ਸਾਰੇ ਵੇਰਵਿਆ ਸਮੇਤ ਮੁਕੰਮਲ ਕਰਕੇ ਸਬੰਧਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਦੇ ਦਫਤਰ ਵਿਚ ਸਰਕਾਰ ਦੀਆਂ ਹਦਾਇਤਾ ਅਨੁਸਾਰ ਸਮੇਂ ਸਿਰ ਪੇਸ਼ ਕੀਤਾ ਜਾਣਾ ਹੁੰਦਾ ਹੈ। ਪ੍ਰਾਪਤ ਹੋਈ ਸਲਾਨਾ ਗੁਪਤ ਰਿਪੋਰਟ ਨੂੰ ਉਪ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਰਿਵਿਊ ਕਰਦੇ ਹੋਏ ਪ੍ਰੋਫਾਰਮੇ ਵਿਚ ਦਰਜ ਕੀਤੇ ਗਏ ਉਪਬੰਧਾਂ ਅਨੁਸਾਰ ਸਬੰਧਤ ਅਧਿਕਾਰੀ ਦੀ ਪ੍ਰੋਫਾਰਮੈਂਸ ਨੂੰ ਧਿਆਨ ਵਿਚ ਰੱਖਦੇ ਹੋਏ ਬਣਦੇ ਅੰਕ ਦਿੰਦੇ ਹੋਏ ਲਿਖੀ ਜਾਂਦੀ ਹੈ। ਇਸ ਸਲਾਨਾ ਗੁਪਤ ਰਿਪੋਰਟ ਨੂੰ ਜਿਹੜੀ ਕਿ ਉਪ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਵਲੋਂ ਲਿਖੀ ਜਾਵੇਗੀ। ਜਿਲ੍ਹਾ ਸਿਖਿਆ ਅਫਸਰ (ਐ:ਸਿ:) ਸਬੰਧਤ ਅਧਿਕਾਰੀ ਦੀ ਸਲਾਨਾ ਪ੍ਰੋਫਾਰਮੈਂਸ ਨੂੰ ਧਿਆਨ ਵਿਚ ਰੱਖਦੇ ਹੋਏ ਉਪ ਜਿਲ੍ਹਾ ਸਿਖਿਆ ਅਫਸਰ ਰਿਵਿਊ ਕਰਕੇ ਸਮਰੱਥ ਅਧਿਕਾਰੀ/ਨਿਯੁੱਕਤੀ ਅਧਿਕਾਰੀ ਭਾਵ ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਜੀ ਤੋਂ ਪ੍ਰਵਾਨ ਕਰਵਾਉਣ ਲਈ ਪੇਸ਼ ਕਰੇਗਾ। ਪਰ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਅਜੇ ਵੀ ਅਧੂਰੀਆਂ ਹਨ ਭਾਵ ਸਮਰੱਥ ਅਧਿਕਾਰੀ ਤੋਂ ਪ੍ਰਵਾਨ ਨਹੀਂ ਹਨ। ਜਿਸ ਕਰਕੇ ਇਹਨਾਂ ਅਧਿਕਾਰੀਆਂ ਨੂੰ ਸਲਾਨਾ ਗੁਪਤ ਰਿਪੋਰਟ ਦੇ ਅਧਾਰ ਤੇ ਮਿਲਣ ਵਾਲੇ ਲਾਭ ਦੇਣ ਵਿਚ ਕਈ ਪ੍ਰਕਾਰ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਕਤ ਮਾਮਲੇ ਦੀ ਗੰਭੀਰਤਾ ਨੂੰ ਧਿਆਨ ਨੂੰ ਰੱਖਦੇ ਹੋਏ ਰਾਜ ਦੇ ਸਮੂਹ ਜਿਲ੍ਹਿਆ ਵਿਚ ਕੰਮ ਕਰਦੇ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਦੀਆਂ ਸਲਾਨਾਂ ਗੁਪਤ ਰਿਪੋਰਟਾਂ ਮੁਕੰਮਲ ਕਰਵਾਉਣ ਲਈ ਮਿਤੀ 27/04/2019 ਨੂੰ (ਛੁੱਟੀ ਵਾਲੇ ਦਿਨ) ਮੁੱਖ ਦਫਤਰ ਵਿਖੇ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ।

ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਜਿਲ੍ਹੇ ਵਿਚ ਕੰਮ ਕਰਦੇ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਤੋਂ ਉਹਨਾਂ ਦੇ ਸਲਾਨਾ ਗੁਪਤ ਰਿਪੋਰਟਾਂ ਦੇ ਪ੍ਰੋਫਾਰਮੇ ਮੁਕੰਮਲ ਰੂਪ ਵਿਚ ਪ੍ਰਾਪਤ ਕਰਕੇ ਵਿਸ਼ੇਸ਼ ਕੈਂਪ ਵਿਚ ਨਿੱਜੀ ਪੱਧਰ ਤੇ ਜਿਲ੍ਹਾ ਸਿਖਿਆ ਅਫਸਰ (ਐ:ਸਿ:), ਉਪ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਅਤੇ ਸਬੰਧਤ ਡੀਲਿੰਗ ਹੈਂਡ ਲੈ ਕੇ ਆਉਣਗੇ। ਅਤੇ ਸਮੁੱਚੇ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਦੀਆਂ ਸਲਾਨਾਂ ਗੁਪਤ ਰਿਪੋਰਟਾਂ ਨੂੰ ਮੁਕੰਮਲ ਕਰਵਾ ਕੇ ਵਿਭਾਗ ਦੀ ਵੈੱਬ ਸਾਈਟ ਤੇ ਅਪ ਲੋਡ ਤੁਰੰਤ ਕਰਨਗੇ।

16/4/19
**ਡਿਪਟੀ ਡਾਇਰੈਕਟਰ (ਅਮਲਾ)**

**ਪਿੱਠ ਅੰਕਣ ਨੰਬਰ:-ਉਕਤ** **ਮਿਤੀ ਐਸ.ਏ.ਐਸ. ਨਗਰ:-**

ਉਤਾਰਾ ਸਹਾਇਕ ਡਾਇਰੈਕਟਰ (ਅਮਲਾ-1 ਅਤੇ ਸ਼ਹਾਇਕ ਡਾਇਰੈਕਟਰ (ਅਮਲਾ-2) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਮਾਮਲੇ ਦੇ ਸਬੰਧ ਵਿਚ ਮਿਤੀ 27/04/2019 ਨੂੰ ਅਮਲਾ-1 ਅਤੇ ਅਮਲਾ-2 ਸ਼ਾਖਾ ਦੇ ਸਾਰੇ ਕਰਮਚਾਰੀ ਸਮੇਤ ਸ਼ਾਖਾ ਮੁੱਖੀ ਆਮ ਦਿਨਾਂ ਵਾਂਗ ਦਫਤਰ ਵਿਚ ਹਾਜਰ ਰਹਿਣਗੇ।

**ਡਿਪਟੀ ਡਾਇਰੈਕਟਰ (ਅਮਲਾ)**